ਸੁਣਨ ਨੂੰ ਕਿਤਨਾ ਸੁਰੀਲਾ ਹੈ ਕਿ ਅਮਰੀਕਾ ਦੇ ਵੱਡੇ ਸ਼ਹਿਰ ਨਿਊਯਾਰਕ ਵਿਚ ਸਿੱਖਾਂ ਬਾਰੇ ਫਿਲਮਾਂ ਦੀ ਪ੍ਰਦਰਸ਼ਨੀ ਹੁੰਦੀ ਹੈ -ਵੇਖਣ ਨੂੰ ਇਹ ਕਿਤਨਾ ਸੁਹਾਣਾ ਹੈ ਤੁਸੀਂ ਮਹਿਸੂਸ ਕਰ ਸਕਦੇ ਹੋ। ਅੱਜ ਜਦ ਸਿੱਖ ਵਿਸ਼ਵ ਦੇ ਹਰ ਦੇਸ਼ ਵਿਚ ਜਾ ਵਸਿਆ ਹੈ ਉਸ ਨੂੰ ਇਕੋ ਗੱਲ ਦੀ ਘਾਟ ਸਤਾ ਰਹੀ ਹੈ ਕਿ ਆਮ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਨਹੀਂ ਹੈ -ਆਮ ਕਰਕੇ ਸਿੱਖਾਂ ਨੂੰ ਮੁਸਲਮਾਨਾਂ ਦਾ ਹੀ ਇਕ ਅੰਗ ਸਮਝਿਆ ਜਾਂਦਾ ਹੈ। ਇਹੋ ਵੱਡਾ ਕਾਰਣ ਹੈ ਕਿ ਜਦ ਕੋਈ ਸਿੱਖ ਭਾਵੇਂ ਚੰਗੀ ਪੜ੍ਹਾਈ ਕਰ ਚੁੱਕਾ ਹੋਵੇ ਉਸ ਨੂੰ ਨੌਕਰੀ ਲੈਣ ਵਕਤ ਮੁਸ਼ਕਲ ਪੇਸ਼ ਆਉਂਦੀ ਹੈ, ਜੋ ਬੜੀ ਵਾਰੀ ਸਿੱਖ ਦੇ ਪਤਿਤ ਹੋਣ ਦਾ ਕਾਰਣ ਬਣਦੀ ਹੈ। ਗੁਰਦੁਆਰੇ ਤਾਂ ਸਿੱਖ ਤੁਰੰਤ ਉਸਾਰ ਦਿੰਦਾ ਹੈ ਤੇ ਉਸ ਨੂੰ ਆਲੀਸ਼ਾਨ ਬਨਾਉਣ ਲਈ ਤਤਪਰ ਰਹਿੰਦਾ ਹੈ ਪਰ ਉਥੇ ਉਹ ਆਪ ਹੀ ਬੰਦਗੀ ਕਰਦਾ ਹੈ ਤੇ ਹਰ ਐਤਵਾਰ ਉਹ ਸਿੱਖਾਂ ਦਾ ਮੇਲ-ਮਿਲਾਪ ਦਾ ਸੈਂਟਰ ਬਣ ਜਾਂਦਾ ਹੈ।

ਇਸ ਮੁਸ਼ਕਲ ਦਾ ਹਲ ਲੱਭਣ ਵਿਚ ਬੜੇ ਯਤਨ ਹੋਏ, ਕਈ ਥਾਂ ਸਿੱਖਾਂ ਨੇ ਉਪਰਾਲੇ ਕੀਤੇ ਪਰ ਜੋ ਸਹੀ ਰੂਪ ਵਿਚ ਕਾਮਯਾਬੀ ਵਲ ਵਧ ਰਿਹਾ ਹੈ, ਉਹ ਹੈ ਨਿਊਯਾਰਕ ਵਿਚ ਬਣੀ ਸਿੱਖ ਆਰਟ ਤੇ ਫਿਲਮ ਫਾਊਂਡੇਸ਼ਨ। ਇਸਦੇ ਦੋ ਮੋਢੀ ਅਮਰੀਕਾ ਵਿਚ ਵਸਦੇ ਕੁਝ ਧਨਾਢ ਸਰਦਾਰ ਹਨ। ਉਹਨਾਂ ਦੀ ਲਗਨ ਤੇ ਸੂਝ-ਬੂਝ ਨੇ ਅਮਰੀਕਾ ਵਿਚ ਹੁਣ ਧਾਕ ਪਾ ਦਿੱਤੀ ਹੈ। 2006 ਵਿਚ ਸ. ਤੇਜਿੰਦਰ ਸਿੰਘ ਬਿੰਦਰਾ ਦੇ ਉਤਸ਼ਾਹ ਨਾਲ ਇਹ ਫਾਊਂਡੇਸ਼ਨ ਸਥਾਪਤ ਹੋਈ। ਉਹਨਾਂ ਨੇ ਇਹ ਨਿਸ਼ਾਨਾ ਰੱਖਿਆ ਕਿ ਸਿੱਖਾਂ ਬਾਰੇ ਫਿਲਮ, ਟੀ.ਵੀ., ਆਰਟ, ਪੇਂਟਿੰਗ ਤੇ ਕਲਚਰ ਦੇ ਰਾਹ ਅਪਣਾਏ ਜਾਣ। ਉਹਨਾਂ ਇਹਨਾਂ ਵਿਸ਼ਿਆਂ 'ਤੇ ਕੰਮ ਕਰਨ ਵਾਲਿਆਂ ਨੂੰ ਉਤਸ਼ਾਹ ਦਿੱਤਾ। ਉਹਨਾਂ ਨੂੰ ਇਸ ਆਰਟ ਦੇ ਸ਼ੋ ਪਬਲਿਕ ਵਿਚ ਕਰਨ ਲਈ ਸਹੂਲਤ ਦਿੱਤੀ। ਇਸ ਨਾਲ ਇਕ ਨਵੀਂ ਲਹਿਰ ਉਠ ਖਲੋਤੀ। 2007 ਵਿਚ ਇਸ ਫਾਊਂਡੇਸ਼ਨ ਨੇ ਮੈਨੂੰ ਆਪਣਾ ਮੁਖ ਸਰਪ੍ਰਸਤ ਚੁਣ ਲਿਆ ਤੇ ਪਹਿਲਾ ਵੱਡਾ ਸਮਾਗਮ ਪ੍ਰਸਿੱਧ ਰੀਊਬਨ ਮਿਊਜ਼ੀਅਮ ਆਫ ਆਰਟ, ਮੈਨਹਟਨ ਨਿਊਯਾਰਕ ਵਿਚ ਕੀਤਾ। ਇਸ ਵਿਚ ਪਹਿਲੇ ਦੋ ਦਿਨ ਉਹ ਸਾਰੀਆਂ ਡਾਕੂਮੈਂਟਰੀਜ਼ ਤੇ ਫਿਲਮਾਂ ਜੋ ਸਿੱਖਾਂ ਬਾਰੇ ਸਨ, ਉਹਨਾਂ ਦੀ ਪ੍ਰਦਰਸ਼ਨੀ ਕੀਤੀ। ਸਾਰੇ ਫਿਲਮ ਡਾਇਰੈਕਟਰ ਬੁਲਾਏ ਗਏ, ਉਹਨਾਂ ਦਾ ਸਨਮਾਨ ਕੀਤਾ ਗਿਆ। ਇਕ ਪ੍ਰਭਾਵਸ਼ਾਲੀ ਸ਼ੋਅ ਰਾਤ ਦੇ ਖਾਣੇ ਨਾਲ ਆਯੋਜਿਤ ਹੋਇਆ। ਭਾਰਤ ਦੇ ਅੰਬੈਸਡਰ ਸੀ. ਰੋਨਿਲ ਸੈਨ ਤੇ ਮੈਨੂੰ ਮੁਖ ਮਹਿਮਾਨ ਵਜੋਂ ਬੁਲਾਇਆ ਗਿਆ ਸੀ। ਕਬੀਰ ਬੇਦੀ ਫਿਲਮ ਸਟਾਰ ਵੀ ਸ਼ਾਮਲ ਸਨ। ਇਸ ਸਮਾਗਮ ਦੀ ਕਾਮਯਾਬੀ ਨੇ ਹਲਾਸ਼ੇਰੀ ਦਿੱਤੀ -ਅੰਬੂ ਫਿਲਮ ਜੋ 1984 ਦੇ ਜ਼ੁਲਮਾਂ ਬਾਰੇ ਸੀ, ਦੀ ਡਾਇਰੈਕਟਰ ਨੂੰ ਸਨਮਾਨਿਆ ਗਿਆ। I see no Strangeder ਦੀ ਫਿਲਮ ਸਿੱਖਾਂ ਬਾਰੇ ਭਰਪੂਰ ਜਾਣਕਾਰੀ ਵਾਲੀ ਸੀ। ਇਕ ਗੱਲ ਜ਼ਰੂਰ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਅਮਰੀਕਾ, ਇੰਗਲੈਂਡ ਤੇ ਕੈਨੇਡਾ ਵਿਚ ਸਿੱਖਾਂ ਬਾਰੇ ਛੋਟੀਆਂ ਭਾਵ ਕੁਝ ਮਿੰਟਾਂ ਦੀਆਂ ਅਨੇਕਾਂ ਫਿਲਮਾਂ ਬਣ ਚੁਕੀਆਂ ਹਨ। ਵਿਦੇਸ਼ੀ ਵੀ ਹੁਣ ਅੱਗੇ ਆ ਚੁੱਕੇ ਹਨ। ਪਿਛੇ ਜਿਹੇ ਮੈਂ 21 ਫਿਲਮਾਂ ਦੀ ਲਿਸਟ ਛਾਪੀ ਸੀ ਪਰ ਭਾਰਤ ਵਿਚ ਕਿਸੇ ਸਿੱਖ ਸੰਸਥਾ ਨੇ ਉਪਰਾਲਾ ਨਹੀਂ ਕੀਤਾ ਕਿ ਫਿਲਮਾਂ ਮੰਗਵਾ ਕੇ ਪ੍ਰਦਰਸ਼ਨੀ ਕਰੇ। 2008 ਵਿਚ ਇਹ ਫੈਸਟੀਵਲ ਹੋਇਆ। ਜਨਰਲ ਜੇ.ਜੇ. ਸਿੰਘ ਗਵਰਨਰ ਅਰੁਣਾਚਲ ਪ੍ਰਦੇਸ਼ ਸ਼ਾਮਲ ਹੋਏ। 2009 ਵਿਚ ਭਾਈ ਮੋਹਨ ਸਿੰਘ ਦੇ ਪੁੱਤਰ ਸਰਦਾਰ ਅਨਲਜੀਤ ਸਿੰਘ ਨੂੰ ਬੁਲਾਇਆ ਗਿਆ।

ਇਸ ਸਾਲ ਤਾਂ ਕਮਾਲ ਹੋਈ ਕਿ ਆਰੰਭਕ ਦਿਨ ਵਿਚ ਸ. ਡੀ.ਐਸ. ਜਸਪਾਲ, ਸਕੱਤਰ ਪੰਜਾਬ ਸਰਕਾਰ ਦੀ ਸਿੱਖ ਗੁਰਦੁਆਰੇ ਜੋ ਦਰਖਤਾਂ ਦੇ ਨਾਂ 'ਤੇ ਹਨ, ਦੀ ਪ੍ਰਦਰਸ਼ਨੀ ਤੋਂ ਹੋਇਆ। ਭਾਰਤੀ ਦੂਤਾਵਾਸ ਦੇ ਹਾਲ ਵਿਚ ਮਹਾਰਾਣੀ ਪਰਨੀਤ ਕੌਰ ਸਟੇਟ ਵਿਦੇਸ਼ ਮੰਤਰੀ ਤੇ ਉਦਘਾਟਨ ਕੀਤਾ। ਬੜਾ ਪ੍ਰਭਾਵ ਪਿਆ। ਮੈਂ ਸੰਖੇਪ ਭਾਸ਼ਨ ਵਿਚ ਗੁਰੂ ਨਾਨਕ ਦੇਵ ਜੀ ਦਾ ਧਰਤੀ ਨੂੰ ਸਵੱਛ ਰੱਖਣ ਦਾ ਉਪਦੇਸ਼ ਸ਼ਬਦਾਂ ਰਾਹੀਂ ਦੱਸਿਆ। ਉਸੇ ਦਿਨ ਇਹ ਨੁਮਾਇਸ਼ ਪੱਕੇ ਤੌਰ 'ਤੇ ਸ. ਭੁਪਿੰਦਰ ਸਿੰਘ ਬੋਪਾਰਾਏ ਪ੍ਰਧਾਨ ਦੇ ਉਦਮ ਨਾਲ ਰਿਚਮੰਡ ਹਿਲ ਗੁਰਦੁਆਰੇ ਵਿਚ ਲਗਾ ਦਿੱਤੀ ਹੈ। ਮੈਂ ਤੇ ਜਸਪਾਲ ਜੀ ਨੇ ਇਸ ਦਾ ਆਰੰਭ 24 ਅਕਤੂਬਰ ਨੂੰ ਕੀਤਾ। ਫਿਰ ਦੋ ਦਿਨ ਫਿਲਮਾਂ ਦਾ ਸ਼ੋ ਹੋਇਆ। ਵਿਕਾਸ ਖੰਨਾ ਦੀ Holy Kitchens ਸਿੱਖ ਲੰਗਰ ਸਿਧਾਂਤ ਬਾਰੇ Harvest of grief ਕਿਸਾਨਾਂ ਦੀ ਖੁਦਕਸ਼ੀ ਬਾਰੇ The Rebel Queen, ਮਹਾਰਾਣੀ ਜਿੰਦਾਂ ਬਾਰੇ Nothing is Impossible II ਸਾਲਾਂ ਸ. ਫੌਜਾ ਸਿੰਘ ਜੋ ਦੌੜਾਂ ਵਿਚ ਵਿਸ਼ਵ ਚੈਂਪੀਅਨ ਹੈ Concer Express, ਮਾਨਸਾ ਬਠਿੰਡੇ ਵਿਚ ਫੈਲੀ ਕੈਂਸਰ ਦੀ ਬੀਮਾਰੀ Riding the Tiger ਇਕ ਸਿੱਖ ਦੀ 1984 ਦੀ ਦਾਸਤਾਨ Uncommon Journey, Raising the count-Virtues Misinterpreted-Uncommon Journey-Musafer-Khanbadosh ਆਦਿ ਦਾ ਸ਼ੋ ਹੋਇਆ। ਖਚਾਖਚ ਹਾਲ ਭਰੇ ਸਨ। ਅਮਰੀਕਾ ਦੇ ਚੋਟੀ ਦੇ ਵਿਦਵਾਨਾਂ ਨੂੰ ਜੱਜ ਬਣਾਇਆ ਗਿਆ। ਡਾ. ਨਰਿੰਦਰ ਸਿੰਘ ਕਪਾਨੀ, ਡਾ. ਆਈ.ਜੇ. ਸਿੰਘ, ਡਾ. ਬਲਵਿੰਦਰ ਸਿੰਘ, ਅੰਮ੍ਰਿਤਾ ਬਾਸੂ, ਅਸੀਮ ਛਾਬੜਾ, ਰਾਬਰਟ ਲਾਪੂਨ, ਸਫੀਨਾ ਓਬਰਾਏ ਆਦਿ ਉਹਨਾਂ ਨੇ ਖਾਨਾਬਦੋਸ਼ ਫਿਲਮ ਤੇ ਹੋਲੀ ਕਿਚਨ ਨੂੰ ਪਹਿਲੇ ਦਰਜੇ 'ਤੇ ਰਖਿਆ ਜਿਹਨਾਂ ਨੂੰ ਅਗਲੇ ਦਿਨ ਹਰ ਇਕ ਨੂੰ 1100 ਡਾਲਰ ਦਾ ਇਨਾਮ ਮੈਂ ਤੇ ਰਾਜ ਬੱਬਰ ਨੇ ਦਿੱਤਾ।

23 ਅਕਤੂਬਰ ਨੂੰ ਨਿਊਯਾਰਕ ਲਾਇਬ੍ਰੇਰੀ ਦੇ ਹਾਲ ਵਿਚ ਸਮਾਗਮ ਹੋਇਆ। 500 ਲੋਕ ਸ਼ਾਮਲ ਹੋਏ। ਹਰ ਇਕ ਨੇ 500 ਡਾਲਰ ਫਾਊਂਡੇਸ਼ਨ ਨੂੰ ਦਿੱਤੇ। ਇਹ ਤਰੀਕਾ ਹੈ ਫੰਡ ਇਕੱਠਾ ਕਰਨ ਦਾ। ਮਹਾਰਾਣੀ ਪਰਨੀਤ ਕੌਰ ਨੇ ਪ੍ਰਧਾਨਗੀ ਕਰਨੀ ਸੀ ਪਰ ਅਚਾਨਕ ਉਹਨਾਂ ਨੂੰ ਵਾਪਸ ਭਾਰਤ ਜਾਣਾ ਪੈ ਗਿਆ। ਸਮਾਗਮ ਵਿਚ ਸ੍ਰੀ ਰਾਜ ਬੱਬਰ, ਸ. ਵਿਕਰਮਜੀਤ ਸਿੰਘ ਸਾਹਨੀ ਅਤੇ ਆਰਟਿਸਟ ਅਰਪਨਾ ਕੌਰ ਨੂੰ ਸਨਮਾਨਿਤ ਕੀਤਾ ਗਿਆ। ਜੇਤੂ ਫਿਲਮਾਂ ਦੇ ਕੁਝ ਹਿੱਸੇ ਵਿਖਾਏ ਗਏ। ਮਹਾਰਾਜਾ ਰਣਜੀਤ ਸਿੰਘ ਦਾ ਸੀਰੀਅਲ ਜੋ ਰਾਜ ਬੱਬਰ ਨੇ ਤਿਆਰ ਕੀਤਾ ਹੈ ਅਤੇ ਵਿਕਰਮਜੀਤ ਸਿੰਘ ਸਾਹਨੀ ਦਾ ਲੜਕੀਆਂ ਕੁੱਖ 'ਚੋਂ ਬਚਾਓ ਦੇ ਸੀਨ ਵਿਖਾਏ ਗਏ। ਤੇਜੀ ਬਿੰਦਰਾ ਨੇ ਫਾਊਂਡੇਸ਼ਨ ਦੇ ਕੰਮ ਦਾ ਵਰਨਣ ਕੀਤਾ। ਅਰਪਨਾ ਦੀ ਪੇਂਟਿੰਗ ਗੁਰੂ ਨਾਨਕ ਵਲੋਂ ਸੱਚ ਤੇ ਝੂਠ ਬਾਰੇ, ਦੀ ਬੋਲੀ ਲੱਗੀ ਜੋ ਸਰਦਾਰ ਅਜੇ ਬਾਂਕਾ ਨੇ 16000 ਡਾਲਰ ਵਿਚ ਖਰੀਦੀ। ਪਛਲੇ ਸਾਲ ਵੀ ਅਰਪਨਾ ਦੀ ਪੇਂਟਿੰਗ 20000 ਡਾਲਰ ਦੀ ਇਕ ਮਿਊਜ਼ੀਅਮ ਮਾਲਕ ਨੇ ਖਰੀਦੀ ਸੀ। ਭੰਗੜਾ ਹੀਰੋ ਸੁਖਬੀਰ ਨੇ ਸਾਰਾ ਹਾਲ ਨੱਚਣਾ ਲਾ ਦਿੱਤਾ। ਅਮਰੀਕਨ ਜੋ ਵੱਡੀ ਗਿਣਤੀ ਵਿਚ ਸਨ, ਸਭ ਤੋਂ ਅੱਗੇ ਸਨ। ਸੰਤ ਸਿੰਘ ਛਤਵਾਲ ਜੋ ਫਾਊਂਡੇਸ਼ਨ ਦੇ ਮੋਹਰੀ ਸਨ। ਇੰਦਰਾ ਬਿੰਦਰਾ, ਅੰਮ੍ਰਿਤਪਾਲ ਜੌਹਰ, ਗੁਰਪ੍ਰੀਤ ਸਿੰਘ ਜਜੀ, ਮਨਦੀਪ ਸੋਬਤੀ, ਹਰਮੀਤ ਬਰਾਰਾ, ਪਰਮਜੀਤ ਸਿੰਘ ਬੇਦੀ ਦੀ ਟੀਮ ਨੇ ਕਮਾਲ ਕੀਤਾ। ਹਰ ਪਾਸੇ ਪ੍ਰਸ਼ੰਸਾ ਹੋ ਰਹੀ ਸੀ। ਮੇਰੇ ਨਾਲ ਬੈਠੇ ਸ. ਹਰਦੀਪ ਸਿੰਘ ਪੁਰੀ ਯੂ.ਐਨ.ਓ. ਵਿਚ ਭਾਰਤੀ ਰਾਜਦੂਤ, ਸੀ. ਪ੍ਰਭੂ ਦਿਆਲ ਕੌਂਸਲ ਜਨਰਲ, ਸ. ਮਨਜੀਵ ਸਿੰਘ ਪੁਰੀ, ਡਿਪਟੀ ਅੰਬੈਸਡਰ ਦਾ ਵਿਚਾਰ ਸੀ ਕਿ ਇਹੋ ਜਿਹੇ ਫੈਸਟੀਵਲ ਸਿੱਖਾਂ ਦੀ ਤੇ ਭਾਰਤ ਦੀ ਦਿਖ ਨੂੰ ਦਰਸਾ ਕੇ ਅਮਰੀਕਨਾਂ ਦਾ ਦਿਲ ਜਿੱਤ ਰਹੇ ਹਨ।

ਇਹ ਉਪਰਾਲਾ ਸਿੱਖਾਂ ਲਈ ਲਾਹੇਵੰਦ ਹੈ। ਹਰ ਸਾਲ ਸਿੱਖਾਂ ਦੀ ਜਾਣਕਾਰੀ ਵਧਾਉਣ ਦੀ ਲੋੜ ਨੂੰ ਪੂਰਾ ਕਰਨ ਦਾ ਯੋਗ ਯਤਨ ਹੈ। ਇਹ ਫਿਲਮ ਕੈਸਟ ਹਰ ਸੰਸਥਾ ਲੈਕੇ ਇਹਨਾਂ ਦਾ ਇਸਤੇਮਾਲ ਕਰੇ। ਸਕੂਲਾਂ ਵਿਚ ਵਿਖਾਏ ਜਾਣ। ਨਿਊਯਾਰਕ ਵਿਚ ਵੱਡੇ ਅਮਰੀਕਨ ਸਕੂਲਾਂ ਵਿਚ ਇਹ ਫਿਲਮਾਂ ਦਿਖਾਉਣ ਦਾ ਸਿਲਸਿਲਾ ਅਰੰਭ ਹੋ ਚੁੱਕਾ ਹੈ। ਅਸੀਂ ਅੱਜ ਦੇ ਯੁਗ ਵਿਚ Information ਦੇ ਨਵੇਂ ਜੰਤਰ ਵਰਤੀਏ। ਕੇਵਲ ਸਾਨੂੰ ਸਮਝਣ ਦੀ ਲੋੜ ਹੈ।

ਅਮਰੀਕਨ ਸੰਸਥਾ ਦਾ ਪਤਾ:

Sikh Art & Film Foundation

Suit 301, 1410 Broadway

New York NY 10018, USA

# ਅਮਰੀਕਾ ਵਿਚ ਸਿੱਖ ਫਿਲਮ ਫੈਸਟੀਵਲ

ਤ੍ਰਲੋਚਨ ਸਿੰਘ, ਮੈਂਬਰ ਪਾਰਲੀਮੈਂਟ,
ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ,
ਭਾਰਤ ਸਰਕਾਰ



ਫੈਸਟੀਵਲ ਵਿਚ ਮਹਾਰਾਣੀ ਪਰਨੀਤ ਕੌਰ, ਸ. ਤਰਲੋਚਨ ਸਿੰਘ, ਸ. ਵਿਕਰਮਜੀਤ ਸਿੰਘ ਸਾਹਨੀ, ਤੇਜੀ ਬਿੰਦਰਾ, ਪ੍ਰਭੂ ਦਿਆਲ, ਭਾਰਤੀ ਕੌਂਸਲਰ ਜਨਰਲ ਆਦਿ।



ਅਰਪਨਾ ਕੌਰ ਦੀ ਪੇਂਟਿੰਗ ਦੇ ਅੱਗੇ ਖੜ੍ਹੀ ਆਪ ਅਪਰਨਾ ਕੌਰ ਅਤੇ ਸ. ਅਜੇ ਬਾਂਕਾ, ਜਿਸਨੇ 16000 ਡਾਲਰ ਦੀ ਇਹ ਪੇਂਟਿੰਗ ਖਰੀਦੀ।